ਪੱਤਰ ਨੰ:ਚੋਣਾਂ-2022/1788

ਮਿਤੀ: 17/11/2022

(901 18/11/22)

ਵਿਖੇ,

ਸਮੂਹ ਬੀ.ਐਲ.ਓ,
091-ਭੁੱਚੋ ਮੰਡੀ (ਅ.ਜ),
ਵਿਧਾਨ ਸਭਾ ਹਲਕਾ।

ਵਿਸ਼ਾ:- **Special Summary Revision of Photo Electoral Rolls w.r.t 01.01.2023 as qualifying date-programme-reg.**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਯੋਗਤਾ ਮਿਤੀ: 01-01-2023 ਦੇ ਆਧਾਰ ਤੇ ਫੋਟੋ ਵੋਟਰ ਸੂਚੀਆਂ ਦੀ ਸੁਧਾਈ ਦਾ ਕੰਮ ਮਿਤੀ: 09-11-2022 ਤੋਂ ਸ਼ੁਰੂ ਹੋ ਚੁੱਕਾ ਹੈ। ਮਾਨਯੋਗ ਭਾਰਤ ਚੋਣ ਕਮਿਸ਼ਨ, ਨਵੀ ਦਿੱਲੀ ਵੱਲੋ ਜਾਰੀ ਸ਼ਡਿਊਲ ਅਨੁਸਾਰ ਮਿਤੀ 19 ਅਤੇ 20 ਨਵੰਬਰ 2022 ( ਸ਼ਨਿੱਚਰਵਾਰ ਅਤੇ ਐਤਵਾਰ) ਨੂੰ ਪੋਲਿੰਗ ਸਟੇਸ਼ਨਾਂ ਤੇ ਸਪੈਸ਼ਲ ਕੈਂਪ ਲਗਾਇਆ ਜਾਣਾ ਹੈ। ਇਸ ਸਬੰਧੀ ਸਮੂਹ ਬੂਥ ਲੈਵਲ ਅਫ਼ਸਰ ਆਪਣੇ-ਆਪਣੇ ਪੋਲਿੰਗ ਸਟੇਸ਼ਨਾਂ ਤੇ ਹਾਜਰ ਰਹਿਣਾ ਯਕੀਨੀ ਬਣਾਉਣਗੇ ਅਤੇ ਆਮ ਜਨਤਾ ਪਾਸੋ ਦਾਅਵੇ/ਇਤਰਾਜ ਪ੍ਰਾਪਤ ਕਰਨਗੇ।ਕੈਂਪ ਸਮੇ ਆਪ ਵੱਲੋ ਜਿੰਨ੍ਹਾਂ ਵੋਟਰਾਂ ਦੇ ਫਾਰਮ ਨੰ: 6ਬੀ ਭਰਣੇ ਰਹਿ ਗਏ ਹਨ ਉਹ ਵੀ ਪ੍ਰਾਪਤ ਕੀਤੇ ਜਾਣ।

ਸਪੈਸ਼ਲ ਕੈਂਪ ਦੌਰਾਨ ਮਿਤੀ 19-11-22 ਨੂੰ ਪ੍ਰਾਪਤ ਹਏ ਦਾਅਵੇ/ਇਤਰਾਜ ਦੀ ਸੂਚਨਾਂ ਨਿਮਨ ਪ੍ਰੋਫਾਰਮੇ ਵਿੱਚ ਮਿਤੀ: 19-11-22 ਨੂੰ ਸ਼ਾਮ 5.00 ਵਜੇ ਅਤੇ ਮਿਤੀ: 20-11-22 ਨੂੰ ਪ੍ਰਾਪਤ ਹੋਏ ਦਾਅਵੇ/ਇਤਰਾਜਾਂ ਦੀ ਰਿਪੋਰਟ ਮਿਤੀ: 20-11-22 ਨੂੰ ਸ਼ਾਮ 5.00 ਵਜੇ ਹਰ ਹਾਲਤ ਵਿੱਚ ਸਬੰਧਤ ਸੈਕਟਰ ਅਫ਼ਸਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਇਸ ਤੋ ਇਲਾਵਾ ਸਪੈਸ਼ਲ ਕੈਂਪ ਵਾਲੇ ਦਿਨ ਮੁੱਖ ਦਫ਼ਤਰ/ਰੋਲ ਅਬਜਰਵਰ/ਜਿਲ੍ਹਾ ਚੋਣ ਅਫ਼ਸਰ/ ਵਧੀਕ ਜਿਲ੍ਹਾ ਚੋਣ ਅਫ਼ਸਰ/ਚੋਣ ਤਹਿਸੀਲਦਾਰ ਅਤੇ ਨਿਮਨਹਸਤਾਖਰ ਵੱਲੋ ਵੀ ਪੋਲਿੰਗ ਬੂਥਾਂ ਤੇ ਬੂਥ ਲੈਵਲ ਅਫ਼ਸਰਾਂ ਦੀ ਹਾਜਰੀ ਚੈਕ ਕੀਤੀ ਜਾਵੇਗੀ। ਗੈਰ ਹਾਜਰ ਪਾਏ ਗਏ ਬੂਥ ਲੈਵਲ ਅਫ਼ਸਰਾਂ ਵਿਰੁੱਧ ਚੋਣ ਨਿਯਮਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

| ਬੂਥ ਦਾ ਨੰ: ਅਤੇ ਨਾਮ | ਸਪੈਸ਼ਲ ਕੈਂਪ ਮਿਤੀ....................... ਦੌਰਾਨ ਪ੍ਰਾਪਤ ਹੋਏ ਫਾਰਮ ਨੰ: 6 | | | ਫਾਰਮ ਨੰ: 7 | ਫਾਰਮ ਨੰ: 8 |
|---|---|---|---|---|---|
| | 18-19 ਸਾਲ | 19 ਸਾਲ ਤੋਂ ਵੱਧ | ਕੁੱਲ ਪ੍ਰਾਪਤ ਹੋਏ ਫਾਰਮ ਨੰ: 6 | | |
| | | | | | |

-ਸਹੀ-
ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।
ਮਿਤੀ: 17-11-2022

ਪਿੱਠ ਅੰਕਣ ਨੰ: 1788-90

ਉਪਰੋਕਤ ਦੀ ਨਕਲ ਹੇਠ ਲਿਖਿਆਂ ਨੂੰ:-

1) ਜਿਲ੍ਹਾ ਚੋਣ ਅਫ਼ਸਰ,ਬਠਿੰਡਾ ਜੀ ਨੂੰ ਸੂਚਨਾਂ ਹਿੱਤ ਭੇਜੀ ਜਾਂਦੀ ਹੈ।
2) ਸਮੂਹ ਸੁਪਰਵਾਈਜ਼ਰ, 091-ਭੁੱਚੋ ਮੰਡੀ (ਅ.ਜ), ਵਿਧਾਨ ਸਭਾ ਹਲਕਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ ਅਤੇ ਆਪਣੇ ਨਾਲ ਸਬੰਧਤ ਸਮੂਹ ਬੀ.ਐਲ.ਓ ਵੱਲੋ ਉਕਤ ਪ੍ਰੋਫਾਰਮੇ ਤੇ ਰਿਪੋਰਟ ਪ੍ਰਾਪਤ ਕਰਕੇ ਕੰਪਾਈਲ ਰਿਪੋਰਟ ਮਿਤੀ 19-11-2022 ਨੂੰ ਪ੍ਰਾਪਤ ਹਏ ਦਾਅਵੇ/ਇਤਰਾਜ ਦੀ ਸੂਚਨਾਂ ਨਿਮਨ ਪ੍ਰੋਫਾਰਮੇ ਵਿੱਚ ਮਿਤੀ: 19-11-2022 ਨੂੰ ਸ਼ਾਮ 5.30 ਵਜੇ ਅਤੇ ਮਿਤੀ: 20-11-2022 ਨੂੰ ਪ੍ਰਾਪਤ ਹੋਏ ਦਾਅਵੇ/ਇਤਰਾਜਾਂ ਦੀ ਰਿਪੋਰਟ ਮਿਤੀ: 20-11-2022 ਨੂੰ ਸ਼ਾਮ 5.30 ਵਜੇ ਹਰ ਹਾਲਤ ਵਿੱਚ ਭੇਜਣੀ ਯਕੀਨੀ ਬਣਾਈ ਜਾਵੇ।
3) ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ/ਪ੍ਰਾਈਮਰੀ) ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿਹੜੀਆਂ ਵਿੱਦਿਅਕ ਸੰਸਥਾਵਾਂ ਵਿੱਚ ਪੋਲਿੰਗ ਬੂਥ ਸਥਾਪਿਤ ਕੀਤੇ ਗਏ ਹਨ, ਉਨ੍ਹਾਂ ਨੂੰ ਸਪੈਸ਼ਲ ਕੈਂਪ ਮਿਤੀ: 19-11-2022 ਅਤੇ ਮਿਤੀ: 20-11-2022 ਦੌਰਾਨ ਖੁੱਲਾ ਰੱਖਣਾ ਯਕੀਨੀ ਬਣਾਇਆ ਜਾਵੇ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ) ਬਠਿੰਡਾ
ਪੱਤਰ ਨੰ: ਜੀ.ਪੀ/1 ( )2022/164 ਮਿਤੀ: 18/11/22

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਹਲਕਾ 091 ਭੁੱਚੋ ਮੰਡੀ ਬਠਿੰਡਾ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

ਜਿਲ੍ਹਾ ਸਿੱਖਿਆ ਅਫਸਰ (ਸੈ)
ਬਠਿੰਡਾ ਸਕੂਲ